ਅਤੀ ਜ਼ਰੂਰੀ

**COVID-19**

GOVT OF PUNJAB

**ਪੰਜਾਬ ਸਰਕਾਰ**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-4 ਸ਼ਾਖਾ)**

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
2. ਸਮੂਹ ਪੁਲਿਸ ਕਮਿਸ਼ਨਰ,
3. ਸਮੂਹ ਸੀਨੀ. ਪੁਲਿਸ ਕਪਤਾਨ,
4. ਸਮੂਹ ਸਿਵਲ ਸਰਜਨ, ਪੰਜਾਬ,
5. ਸਮੂਹ ਸਬੰਧਿਤ ਵਿਭਾਗ, ਪੰਜਾਬ।

ਮੀਮੋ ਨੰ: 14/7/2020-4**ਸਿ4/ਪ.ਫ/** 1379

ਮਿਤੀ, ਚੰਡੀਗੜ੍ਹ: 06.06.2020

ਵਿਸ਼ਾ:- **ਏਕਾਂਤਵਾਸ ਲਈ ਚੈਕਿੰਗ ਟੀਮਾਂ ਬਾਰੇ।**

*****

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਭਾਰਤ ਸਰਕਾਰ ਦੇ ਗ੍ਰਿਹ ਮੰਤਰਾਲੇ ਦੇ ਹੁਕਮ ਨੰ: **40-3/2020-DM-I(A)**, ਮਿਤੀ **30.05.2020** ਅਤੇ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਹੁਕਮ ਨੰ: **SS/ACSH/2020/456**, ਮਿਤੀ **30.05.2020** ਸਨਮੁੱਖ ਅੰਤਰ-ਰਾਜ ਅਤੇ ਰਾਜ ਵਿੱਚ ਲੋਕਾਂ ਅਤੇ ਵਾਹਨਾਂ ਦੀ ਅਵਾਜਾਈ ਖੋਲ੍ਹ ਦਿੱਤੀ ਗਈ ਹੈ, ਜਿਸ ਕਰਕੇ ਪੰਜਾਬ ਰਾਜ ਵਿੱਚ ਸੜਕਾਂ, ਰੇਲਾਂ ਅਤੇ ਹਵਾਈ ਜਹਾਜ਼ਾਂ ਰਾਹੀਂ ਆਉਣ ਵਾਲੇ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੋਣ ਦੀ ਸੰਭਾਵਨਾ ਹੈ ਅਤੇ ਇਹਨਾਂ ਲੋਕਾਂ ਨੂੰ ਡਾਕਟਰੀ ਮਾਹਿਰਾਂ ਦੀ ਰਾਏ ਮੁਤਾਬਿਕ **Home Quarantine (ਏਕਾਂਤਵਾਸ)** ਵਿੱਚ ਰੱਖਣਾ ਜ਼ਰੂਰੀ ਹੈ।

**3.** ਉਪਰੋਕਤ ਦੇ ਮੱਦੇਨਜ਼ਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਹਰੇਕ ਜ਼ਿਲ੍ਹੇ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਮੁਤਾਬਿਕ ਵੱਧ ਤੋਂ ਵੱਧ ਚੈਕਿੰਗ ਟੀਮਾਂ ਦਾ ਗਠਨ ਕੀਤਾ ਜਾਵੇ। ਇਹ ਟੀਮਾਂ ਸਿਹਤ ਵਿਭਾਗ ਵੱਲੋਂ ਹਦਾਇਤਾਂ ਮੁਤਾਬਿਕ ਏਕਾਂਤਵਾਸ ਅਧੀਨ ਲੋਕਾਂ ਦੀ ਬਕਾਇਦਾ ਚੈਕਿੰਗ ਕਰਨਗੀਆਂ ਅਤੇ ਏਕਾਂਤਵਾਸ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਵਿਰੁੱਧ ਬਣਦੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਉਣਗੀਆਂ।

**ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ**

ਪਿੱ:ਅੰ:ਨੰ: 14/7/2020-4**ਸਿ4/ਪ.ਫ/** 1380 ਮਿਤੀ, ਚੰਡੀਗੜ੍ਹ: 06.06.2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ
2. ਪ੍ਰਮੁੱਖ ਸਕੱਤਰ, ਸਿਹਤ ਤੇ ਪ੍ਰੀਵਾਰ ਭਲਾਈ ਵਿਭਾਗ;
3. ਸਮੂਹ ਡਵੀਜ਼ਨਲ ਕਮਿਸ਼ਨਰ, ਪੰਜਾਬ।
4. ਡਾਇਰੈਕਟਰ ਜਨਰਲ ਆਫ਼ ਪੁਲਿਸ।
5. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਪੰਜਾਬ।
6. ਮੈਨੇਜਿੰਗ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ।
7. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।
8. ਸ੍ਰੀ ਈਸ਼ਵਰ ਸਿੰਘ, ਆਈ.ਪੀ.ਐੱਸ., ਨੋਡਲ ਅਫਸਰ, COVID-19.

**ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ**

Scanned with CamScanner